ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ,ਪਟਿਆਲਾ

(Established by Act No.19 of 2019 of Legislature of the State of Punjab)

ਕੰਟਰੋਲਰ (ਪ੍ਰੀਖਿਆਵਾਂ)

Ref.No/PSOU/COE/1865 **Dated : 27-11-2026**

ਨੋਟਿਸ

ਵਿਸ਼ਾ:- ਪ੍ਰੀਖਿਆਵਾਂ (ਜਨਵਰੀ/ਫਰਵਰੀ -2027) ਲਈ ਵਿਦਿਆਰਥੀਆਂ ਦੇ ਐਡਮਿਟ ਕਾਰਡ ਜਾਰੀ ਕਰਨ ਸਬੰਧੀ।

ਸਮੂਹ ਪ੍ਰੀਖਿਆ ਕੇਂਦਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਦੇ ਐਡਮਿਟ ਕਾਰਡ ਯੂਨੀਵਰਸਿਟੀ ਵਲੋਂ ਜਾਰੀ ਕੀਤੇ ਗਏ ਹਨ। ਇਸ ਲਈ ਸਮੂਹ ਕਾਲਜਾਂ/ਪ੍ਰੀਖਿਆ ਕੇਂਦਰਾਂ ਵਲੋਂ ਸਬੰਧਤ ਵਿਦਿਆਰਥੀਆਂ ਨੂੰ ਹੇਠ ਲਿਖੇ ਸਬੰਧੀ ਜਾਣਕਾਰੀ ਦੇਣੀ ਯਕੀਨੀ ਬਣਾਈ ਜਾਵੇ:

1) ਸਮੂਹ ਵਿਦਿਆਰਥੀ ਆਪਣਾ ਐਡਮਿਟ ਕਾਰਡ ਯੂਨੀਵਰਸਿਟੀ ਦੇ online portal ਦੇ weblink (**https://student.psou.ac.in/Login**) ਤੇ ਮਿਤੀ **21-12-2026 ਤੋਂ ਮਿਤੀ 30-01-2027** ਤੱਕ ਪ੍ਰਿੰਟ ਲੈ ਸਕਦੇ ਹਨ। ਵਿਦਿਆਰਥੀਆਂ ਵਲੋਂ ਇਸ ਐਡਮਿਟ ਕਾਰਡ ਦੀ ਹਾਰਡ ਕਾਪੀ ਤੇ ਕਾਲਜ ਦੇ ਪ੍ਰਿੰਸੀਪਲ ਦੇ ਦਸਤਖਤ ਕਰਵਾਏ ਜਾਣ।
2) ਕਿਸੇ ਵੀ ਵਿਦਿਆਰਥੀ ਨੂੰ ਬਿਨ੍ਹਾਂ ਐਡਮਿਟ ਕਾਰਡ ਤੋਂ ਪ੍ਰੀਖਿਆ ਦੇਣ ਦੀ ਇਜ਼ਾਜਤ ਨਹੀਂ ਹੋਵੇਗੀ।
3) ਪ੍ਰੀਖਿਆ ਕੇਂਦਰਾਂ ਦੇ ਸੁਪਰਡੈਂਟ ਅਤੇ ਕੋਆਰਡੀਨੇਟਰ ਇਹ ਯਕੀਨੀ ਬਣਾਉਣਗੇ ਕਿ **ਜਿਨ੍ਹਾਂ ਵਿਦਿਆਰਥੀਆਂ ਕੋਲ ਐਡਮਿਟ ਕਾਰਡ (ਪ੍ਰਿੰਟ ਹਾਰਡ ਕਾਪੀ) ਨਹੀਂ ਹੈ, ਉਨ੍ਹਾਂ ਨੂੰ ਪ੍ਰੀਖਿਆ ਕੇਂਦਰਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।** ਐਡਮਿਟ ਕਾਰਡ ਤੇ ਵਿਦਿਆਰਥੀ ਦੀ ਫੋਟੋ ਲੱਗੀ ਹੋਣੀ ਅਤਿ ਜਰੂਰੀ ਹੈ।
4) ਕੁੱਝ ਵਿਦਿਆਰਥੀਆਂ ਨੇ ਅਜੇ ਤੱਕ ਆਨਲਾਈਨ ਸਿਸਟਮ ਵਿੱਚ ਲੋਗਿਨ ਨਹੀਂ ਕੀਤਾ ਹੈ, ਸਬੰਧਤ ਕਾਲਜਾਂ ਵੱਲੋਂ ਇਸ ਸਬੰਧੀ ਆਪਣੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ।
5) ਯੂਨੀਵਰਸਿਟੀ ਦੇ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਐਡਮਿਟ ਕਾਰਡ ਵਿੱਚ ਪ੍ਰਿੰਸੀਪਲ/ਚੀਫ ਕੋਆਰਡੀਨੇਟਰ ਦੇ ਹਸਤਾਖਰ ਦੀ ਜ਼ਰੂਰਤ ਨਹੀਂ ਹੈ, ਐਡਮਿਟ ਕਾਰਡ ਵਿੱਚ ਕੰਟਰੋਲਰ ਪ੍ਰੀਖਿਆਵਾਂ ਦੇ ਹਸਤਾਖਰ ਦੇ ਨਾਲ ਹੀ ਸਬੰਧਤ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰ ਵਿੱਚ Allow ਕੀਤਾ ਜਾਵੇ।

27/11/26

ਕੰਟਰੋਲਰ ਪ੍ਰੀਖਿਆਵਾਂ

Controller of Examinations
Jagat Guru Nanak Dev
Punjab State Open University
Patiala

ਉਤਾਰਾ :

i. ਡੀਨ ਅਕਾਦਮਿਕ ਮਾਮਲੇ
ii. ਰਜਿਸਟਰਾਰ
iii. ਡਾਇਰੈਕਟਰ, LSC
iv. ਡਾਇਰੈਕਟਰ CITS
v. ਸਮੂਹ ਫੈਕਲਟੀ ਮੈਬਰ (ਯੂਨੀਵਰਸਿਟੀ)
vi. ਪੀ.ਏ. ਟੂ ਵਾਈਸ ਚਾਂਸਲਰ – ਮਾਨਯੋਗ ਵਾਈਸ ਚਾਂਸਲਰ ਸਾਹਿਬ ਜੀ ਦੀ ਜਾਣਕਾਰੀ ਹਿੱਤ।
vii. ਸ਼੍ਰੀ ਵਿਸ਼ਾਲ ਕੁਮਾਰ – ਸਮੂਹ ਕਾਲਜਾਂ ਨੂੰ ਈ-ਮੇਲ ਅਤੇ Website ਤੇ upload ਕਰਨ ਸਬੰਧੀ।